# ਪੰਜਾਬ ਮਿਡ ਡੇ ਮੀਲ ਸੋਸਾਇਟੀ

ਪੰਜਾਬ ਸਕੂਲ ਐਜੂਕੇਸਨ ਬੋਰਡ ਕੰਪਲੈਕਸ, ਪੰਜਵੀਂ ਮੰਜ਼ਿਲ, ਜਿਲ੍ਹਾਂ ਐੱਸ.ਏ.ਐੱਸ ਨਗਰ, (ਮੋਹਾਲੀ)
ਫੋਨ ਨੰ: 0172-2210019, ਈ-ਮੇਲ:- mdmpunjab@punjabeducation.gov.in,

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ)
ਪੰਜਾਬ ਰਾਜ।

ਮੀਮੋ ਨੰ. ਐੱਮ.ਡੀ.ਐੱਮ.ਐੱਸ/ਜੀ.ਐਮ/2020/183923
ਮਿਤੀ, ਮੋਹਾਲੀ : 06/08/2020

ਵਿਸ਼ਾ:- ਮਿਡ ਡੇ ਮੀਲ ਸਕੀਮ ਅਧੀਨ ਕੋਵਿਡ-19 ਦੌਰਾਨ ਕੁੱਕਿੰਗ ਕੋਸਟ ਦੀ ਅਦਾਇਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਿਤੀ 24-07-2020 ਨੂੰ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਨਾਲ ਕੀਤੀ ਗਈ ZOOM ਮੀਟਿੰਗ ਦੌਰਾਨ ਜਿਲ੍ਹਾ ਅਧਿਕਾਰੀਆਂ ਵੱਲੋ ਦੱਸਿਆ ਗਿਆ ਸੀ ਕਿ ਮੁੱਖ ਦਫਤਰ ਵੱਲੇ ਕੀਤੇ ਗਏ ਹੁਕਮਾਂ ਅਨੁਸਾਰ ਕੋਵਿਡ-19 ਦੌਰਾਨ ਸਕੂਲੀ ਵਿਦਿਆਰਥੀਆਂ ਨੂੰ ਕੁੱਕਿੰਗ ਕੋਸਟ ਦੀ ਬਣਦੀ ਰਾਸ਼ੀ ਦੇ ਫੰਡ ਵਿਦਿਆਰਥੀਆਂ ਦੇ ਬੈਂਕ ਖਾਤੇ ਖੁੱਲੇ ਨਾ ਹੋਣ ਜਾਂ ਬੈਂਕ ਖਾਤੇ ਬੰਦ ਹੋ ਜਾਣ ਆਦਿ ਕਾਰਨ ਵਿਦਿਆਰਥੀਆਂ ਨੂੰ ਟਰਾਂਸਫਰ ਕਰਨ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ।

ਇਸ ਸਬੰਧੀ ਜਿਲ੍ਹਾ ਸਿੱਖਿਆ ਅਫਸਰਜ਼ ਵੱਲੋ ਕੀਤੀਆਂ ਸਿਫਾਰਸ਼ਾਂ ਦੇ ਸਨਮੁੱਖ ਇਹ ਫੈਸਲਾ ਲਿਆ ਗਿਆ ਹੈ ਕਿ ਜੇਕਰ ਕਿਸੇ ਕੇਸ ਵਿੱਚ ਸਬੰਧਤ ਵਿਦਿਆਰਥੀ ਦਾ ਬੈਂਕ ਖਾਤਾ ਉਪਲੱਬਧ ਨਹੀ ਹੈ ਤਾਂ ਵਿਦਿਆਰਥੀ ਦੀ ਸਹਿਮਤੀ ਨਾਲ ਉਸਦੇ ਮਾਤਾ ਜਾਂ ਪਿਤਾ ਦੇ ਬੈਂਕ ਖਾਤੇ ਵਿੱਚ ਬਣਦੀ ਕੁੱਕਿੰਗ ਕੋਸਟ ਦੀ ਰਾਸ਼ੀ ਜਮਾ ਕਰਵਾਈ ਜਾ ਸਕਦੀ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ)
ਪੰਜਾਬ

ਪਿ.ਅੰ.ਨੰ. ਐਮ.ਡੀ.ਐਮ.ਸੀ./ਐੱਮ.ਐੱਫ.ਏ/2020/183924 ਮਿਤੀ:- 06/08/2020

ਉਪਰੋਕਤ ਦੇ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਮੂਹ ਉਪ ਜਿਲ੍ਹਾ ਸਿੱਖਿਆ ਅਫਸਰ (ਐ.ਸਿ)।
2. ਸਮੂਹ ਜਿਲ੍ਹਾ ਲੇਖਾਕਾਰ, ਮਿਡ ਡੇ ਮੀਲ, ਪੰਜਾਬ।

ਅਸਿਸਟੈਂਟ ਪ੍ਰੋਜੈਕਟ ਡਾਇਰੈਕਟਰ,
ਪੰਜਾਬ